Punjabi - Number 37
February 2011

# ਚੂਹਿਆਂ ਤੋਂ ਛੁਟਕਾਰਾ ਪਾਉਣਾ
# Getting Rid of Rats and Mice

ਹਾਲਾਂਕਿ ਬ੍ਰਿਟਿਸ਼ ਕੋਲੰਬੀਆ ਵਿੱਚ 20 ਤੋਂ ਜ਼ਿਆਦਾ ਕਿਸਮ ਦੇ ਚੂਹੇ ਹਨ, ਪਰ ਇਨ੍ਹਾਂ ਵਿੱਚੋਂ 3 ਕਿਸਮ ਦੇ ਚੂਹੇ ਘਰਾਂ ਜਾਂ ਖੇਤਾਂ ਵਿੱਚ ਮੁਸ਼ਕਲਾਂ ਪੈਦਾ ਕਰਦੇ ਹਨ। ਘਰਾਂ ਜਾਂ ਬਾਹਰ ਖੇਤਾਂ ਦੀਆਂ ਇਮਾਰਤਾਂ ਵਿੱਚ ਆਮ ਤੌਰ ਤੇ ਹਮਲੇ ਕਰਨ ਵਾਲੀਆਂ 3 ਕਿਸਮਾਂ ਘਰੇਲੂ ਚੂਹਾ, ਨਾਰਵੇ ਰੈਟ ਅਤੇ ਕਾਲਾ ਚੂਹਾ ਹਨ।

## ਚੂਹੇ ਕੀ ਨੁਕਸਾਨ ਕਰ ਸਕਦੇ ਹਨ?

ਚੂਹੇ ਸਿਹਤ ਅਤੇ ਜਾਇਦਾਦ ਲਈ ਖ਼ਤਰਾ ਬਣ ਸਕਦੇ ਹਨ। ਇਹ ਇਮਾਰਤਾਂ ਦੀ ਇਨਸੂਲੇਸ਼ਨ, ਸਾਈਡਿੰਗਜ਼ ਅਤੇ ਦੀਵਾਰ ਦੇ ਬੋਰਡ ਨੂੰ ਚਬਾ ਕੇ ਨੁਕਸਾਨ ਕਰ ਸਕਦੇ ਹਨ। ਇਹ ਕਈ ਕਿਸਮ ਦਾ ਸਟੋਰ ਕੀਤਾ ਹੋਇਆ ਖਾਣਾ ਖਾ ਜਾਂਦੇ ਹਨ। ਇਹ ਚੂਹੇ ਜਿਹੜਾ ਖਾਣਾ ਨਹੀਂ ਖਾਂਦੇ ਉਸ ਨੂੰ ਅਕਸਰ ਦੂਸ਼ਿਤ ਕਰ ਦਿੰਦੇ ਹਨ ਜਿਸ ਕਰਕੇ ਖਾਣੇ ਦਾ ਜ਼ਹਿਰ ਫੈਲ ਸਕਦਾ ਹੈ।

ਤਿੰਨੋ ਕਿਸਮ ਦੇ ਚੂਹੇ ਬਿਮਾਰੀਆਂ ਫੈਲਾਅ ਸਕਦੇ ਹਨ ਜੋ ਉਹ ਆਪਣੇ ਪੈਰਾਂ ਨਾਲ ਲੈ ਕੇ ਆਉਂਦੇ ਹਨ। ਉਨ੍ਹਾਂ ਦੇ ਕੱਟਣ ਨਾਲ, ਪਿਸ਼ਾਬ ਨਾਲ ਜਾਂ ਮੇਂਗਣਾ ਨਾਲ ਵੀ ਬਿਮਾਰੀ ਫੈਲ ਸਕਦੀ ਹੈ। ਚੂਹਿਆਂ ਤੇ ਲੱਗੇ ਚਿੱਚੜ ਅਤੇ ਪਿੱਸੂ ਵੀ ਬਿਮਾਰੀਆਂ ਫੈਲਾਅ ਸਕਦੇ ਹਨ। ਹੋਰ ਜ਼ਿਆਦਾ ਜਾਣਕਾਰੀ ਲਈ HealthLink BC File (ਹੈੱਲਥਲਿੰਕ ਬੀ.ਸੀ. ਫ਼ਾਈਲ) #01 Tick Bites and Disease ਦੇਖੋ।

## ਕੀ ਚੂਹਿਆਂ ਦਾ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ?

ਚੂਹਿਆਂ ਦਾ ਬੜੀ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ ਕਿਉਂਕਿ ਇਹ ਆਪਣੀਆਂ ਕਾਫ਼ੀ ਨਿਸ਼ਾਨੀਆਂ ਪਿੱਛੇ ਛੱਡ ਜਾਂਦੇ ਹਨ। ਇਹ ਸੀਰੀਅਲ ਦੇ ਡੱਬਿਆਂ ਜਾਂ ਪਲਾਸਟਿਕ ਦੇ ਲਫ਼ਾਫ਼ਿਆਂ ਵਿੱਚ ਪਏ ਸੁੱਕੇ ਖਾਣੇ ਨੂੰ ਚੱਬ ਕੇ ਪਿੱਛੇ ਖਲਾਰਾ ਪਾ ਜਾਂਦੇ ਹਨ। ਲੱਕੜੀ ਅਤੇ ਪਾਣੀ ਦੇ ਪਾਈਪਾਂ ਤੇ ਕੱਟਣ ਦੇ ਨਿਸ਼ਾਨ ਵੀ ਚੂਹਿਆਂ ਦੇ ਫੈਲਣ ਦੀਆਂ ਹੋਰ ਨਿਸ਼ਾਨੀਆਂ ਹਨ। ਜਿੱਥੇ ਚੂਹੇ ਕੁਝ ਖਾਂਦੇ ਹਨ ਅਤੇ ਕਈ ਹੋਰ ਜਗ੍ਹਾਂ ਤੇ ਗੂੜ੍ਹੇ ਭੂਰੇ ਰੰਗ ਦੀਆਂ ਮੇਂਗਣਾ ਆਮ ਤੌਰ ਤੇ ਮਿਲਦੀਆਂ ਹਨ। ਚੂਹੇ ਆਮ ਤੌਰ ਤੇ ਦਿਵਾਰਾਂ ਵਿਚਕਾਰ ਅਤੇ ਗੈਰਜ, ਸ਼ੈੱਡ ਅਤੇ ਨੀਹਾਂ ਦੀ ਜ਼ਮੀਨ ਵਿੱਚ ਰਹਿੰਦੇ ਹਨ। ਜਦੋਂ ਘਰ ਸ਼ਾਂਤ ਹੋਵੇ ਤਾਂ ਚੂਹਿਆਂ ਦੇ ਚਲਣ ਜਾਂ ਚੱਬਣ ਦੀ ਅਵਾਜ਼ ਸੁਣਾਈ ਦੇ ਸਕਦੀ ਹੈ।

## ਮੈਂ ਚੂਹਿਆਂ ਤੋਂ ਕਿਵੇਂ ਛੁਟਕਾਰਾ ਪਾ ਸਕਦਾ ਹਾਂ?

ਚੂਹਿਆਂ ਦੇ ਬੱਚੇ ਬਹੁਤ ਜਲਦੀ ਜਲਦੀ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਪਤਾ ਕਰਨਾ ਅਤੇ ਛੁਟਕਾਰਾ ਪਾਉਣਾ ਬੜਾ ਜ਼ਰੂਰੀ ਹੈ। ਬੇਸ਼ੱਕ ਤੁਸੀਂ ਚੂਹਿਆਂ ਨੂੰ ਨਾ ਦੇਖਿਆ ਹੋਵੇ ਪਰ ਉਨ੍ਹਾਂ ਦੀਆਂ ਮੇਂਗਣਾ ਦੇ ਸਾਈਜ਼ ਤੋਂ ਪਤਾ ਚਲ ਜਾਂਦਾ ਹੈ ਕਿ ਇਹ ਮਾਊਸ ਹੈ ਜਾਂ ਰੈਟ ਹੈ (ਚੂਹਿਆਂ ਦੀਆਂ ਦੋ ਕਿਸਮਾਂ)। ਮਾਊਸ ਦੀਆਂ ਮੇਂਗਣਾ 6.35 ਮਿ.ਮੀ. (1/4 ਇੰਚ) ਦੇ ਕਰੀਬ ਅਤੇ ਰੈਟ ਦੀਆਂ 19.05 ਮਿ.ਮੀ. (3/4 ਇੰਚ) ਦੇ ਕਰੀਬ ਲੰਮੀਆਂ ਹੁੰਦੀਆਂ ਹਨ।

ਚੂਹਿਆਂ ਤੋਂ ਛੁਟਕਾਰਾ ਪਾਉਣ ਦਾ ਵਧੀਆ ਤਰੀਕਾ ਟ੍ਰੈਪ (ਪਿੰਜਰੇ, ਕੜਿਕੀਆਂ ਆਦਿ) ਹਨ। ਸਪਰਿੰਗ ਵਾਲੇ ਕਈ ਟ੍ਰੈਪ ਖ਼ਰੀਦੋ ਅਤੇ ਉਨ੍ਹਾਂ ਤੇ ਸੁੱਕੇ ਫ਼ਲ, ਮੂੰਗਫਲੀ ਦਾ ਮੱਖਣ ਮਿਲੇ ਓਟਸ ਜਾਂ ਚੀਜ਼ ਵਗੈਰਾ ਲਗਾਉ। ਇਹ ਧਿਆਨ ਰੱਖੋ ਕਿ ਇਹ ਖਾਣ ਵਾਲੀਆਂ ਚੀਜ਼ਾਂ ਟ੍ਰੈਪ ਦੇ ਸਪਰਿੰਗ ਨਾਲ ਠੀਕ ਜੁੜੀਆਂ ਹਨ, ਨਹੀਂ ਤਾਂ ਚੂਹਾ ਖਾਣਾ ਲੈ ਜਾਏਗਾ ਅਤੇ ਸਪਰਿੰਗ ਕੰਮ ਹੀ ਨਹੀਂ ਕਰੇਗਾ।

ਜਿਸ ਦੀਵਾਰ ਵਿੱਚ ਚੂਹੇ ਚਲਦੇ ਹਨ ਟ੍ਰੈਪ ਉਸ ਦੇ $90^0$ ਤੇ ਰੱਖੋ ਤਾਂ ਕਿ ਖਾਣੇ ਵਾਲਾ ਪਾਸਾ ਦੀਵਾਰ ਵਲ ਹੋਵੇ। ਦਸਤਾਨੇ ਪਾ ਕੇ ਜਾਂ ਪਲਾਸਟਿਕ ਬੈਗ ਨਾਲ ਫਸੇ ਹੋਏ ਚੂਹੇ ਨੂੰ ਪਲਾਸਟਿਕ ਵਿੱਚ ਲਪੇਟ ਕੇ ਕੂੜੇ ਵਾਲੇ ਬੈਗ ਵਿੱਚ ਸੁੱਟ ਦਿਉ।

## ਮੈਂ ਚੂਹਿਆਂ ਨੂੰ ਆਪਣੀ ਜਾਇਦਾਦ ਤੇ ਰਹਿਣ ਨੂੰ ਕਿਵੇਂ ਰੋਕ ਸਕਦਾ ਹਾਂ?

ਚੂਹਿਆਂ ਨੂੰ ਆਪਣੀ ਜਾਇਦਾਦ ਤੋਂ ਰੋਕਣ ਲਈ ਤੁਸੀਂ ਹੇਠ ਲਿਖੇ ਕੁਝ ਕਦਮ ਚੁੱਕ ਸਕਦੇ ਹੋ।

### 1. ਖਾਣੇ ਅਤੇ ਪਾਣੀ ਦੇ ਸਰੋਤਾਂ ਨੂੰ ਬੰਦ ਕਰੋ:

- ਸਾਰੇ ਕੂੜੇ ਨੂੰ ਟਾਈਟ ਢੱਕਣ ਵਾਲੇ ਧਾਤ ਦੇ ਡੱਬੇ ਵਿੱਚ ਰੱਖੋ।
- ਰਸੋਈ ਦੇ ਕਚਰੇ ਦੀ ਖਾਦ ਬਣਾਉ ਅਤੇ ਕਚਰੇ ਨੂੰ ਚੂਹਿਆਂ ਤੋਂ ਨਾ ਖੁਲਣ ਵਾਲੇ ਪੱਕੇ ਡੱਬੇ ਵਿੱਚ ਰੱਖੋ। ਮੀਟ, ਹੱਡੀਆਂ, ਚਰਬੀ, ਮੱਛੀ ਜਾਂ ਹੋਰ ਖਾਣ ਵਾਲੇ ਕਚਰੇ ਨੂੰ ਇਸ ਡੱਬੇ ਵਿੱਚ ਨਾ ਪਾਉ।
- ਇਹ ਸੁਨਿਸ਼ਚਿਤ ਕਰੋ ਕਿ ਖਾਦ ਘਰ ਤੋਂ ਦੂਰ ਹੈ। ਇਸ ਖਾਦ ਦੀ ਠੀਕ ਤਰੀਕੇ ਨਾਲ ਦੇਖ ਭਾਲ ਕਰੋ ਇਸ ਨੂੰ ਹਿਲਾਉਂਦੇ ਰਹੋ ਅਤੇ ਕੁਝ ਮਹੀਨਿਆਂ ਬਾਅਦ ਇਸ ਵਿੱਚ ਚੂਨਾ ਪਾਉਂਦੇ ਰਹੋ।
- ਡਿੱਗੇ ਹੋਏ ਫ਼ਲ ਅਤੇ ਗਿਰੀਆਂ/ਬੀਜ ਵਿਹੜੇ ਵਿੱਚੋਂ ਹਟਾ ਦਿਉ।
- ਪਾਲਤੂ ਜਾਨਵਰਾਂ ਦੇ ਖਾਣ ਤੋਂ ਬਾਅਦ ਬਚੇ ਹੋਏ ਖਾਣੇ ਨੂੰ ਹਟਾ ਲਵੋ ਅਤੇ ਰਾਤੀਂ ਬਾਹਰ ਨਾ ਰਹਿਣ ਦਿਉ। ਪਾਲਤੂ ਜਾਨਵਰਾਂ ਦੇ ਬਰਤਨ ਅਤੇ ਰਹਿਣ ਵਾਲੀ ਜਗ੍ਹਾ ਤੋਂ ਬਚਿਆ/ਖਿਲਰਿਆ ਹੋਇਆ ਖਾਣਾ ਸਾਫ਼ ਕਰ ਦਿਉ।

- ਪੰਛੀਆਂ ਦੇ ਖਾਣ ਲਈ ਟਰੇ ਰੱਖੋ ਅਤੇ ਉਸ ਤੋਂ ਬਾਹਰ ਡੁੱਲ੍ਹੇ ਹੋਏ ਬੀਜਾਂ ਨੂੰ ਸਾਫ਼ ਕਰ ਦਿਉ।
- ਪਾਣੀ ਦੇ ਪਾਈਪਾਂ ਦੀ ਮੁਰੰਮਤ ਕਰੋ ਅਤੇ ਇਕੱਠੇ ਹੋਏ ਪਾਣੀ ਨੂੰ ਹਟਾ ਦਿਉ। ਤਲਾਅ ਅਤੇ ਵ੍ਹਿਰਲਪੂਲ, ਜਦੋਂ ਵਰਤੇ ਨਾ ਜਾ ਰਹੇ ਹੋਣ, ਢੱਕ ਦਿਉ ।

**2. ਚੂਹਿਆਂ ਦੇ ਛੁਪਣ ਅਤੇ ਰਹਿਣ ਵਾਲੀਆਂ ਜਗ੍ਹਾਂ ਨੂੰ ਖ਼ਤਮ ਕਰੋ:**

- ਝਾੜੀਆਂ ਜਾਂ ਫੁੱਲ ਇਮਾਰਤ ਦੇ ਨੇੜੇ ਨਾ ਲਗਾਉ। ਇਮਾਰਤ ਅਤੇ ਪੌਦਿਆਂ ਵਿਚਕਾਰ ਖਾਲੀ ਥਾਂ ਰੱਖੋ ਅਤੇ ਪੌਦਿਆਂ ਦੇ ਥੱਲੇ 15-20 ਸੈਂ.ਮੀ. (6-8 ਇੰਚ) ਜਗ੍ਹਾ ਸਾਫ਼ ਰੱਖੋ। ਘਾਹ ਅਤੇ ਖੱਡਿਆਂ ਨੂੰ ਸਾਫ ਕਰਕੇ ਰੱਖੋ।
- ਵਰਤੋਂ ਵਿੱਚ ਨਾ ਆਉਣ ਵਾਲੀ ਲੱਕੜ ਦੇ ਢੇਰ, ਪੁਰਾਣੇ ਸ਼ੈੱਡ ਜਾਂ ਇਮਾਰਤਾਂ ਨੂੰ ਹਟਾ ਦਿਉ।
- ਪੁਰਾਣੀਆਂ ਕਾਰਾਂ ਜਾਂ ਫ਼ਰਨੀਚਰ ਨੂੰ ਬਾਹਰ ਸਟੋਰ ਨਾ ਕਰੋ।
- ਇਮਾਰਤੀ ਲੱਕੜ ਅਤੇ ਜਲਾਉਣ ਵਾਲੀ ਲੱਕੜ ਨੂੰ ਸਟੈਂਡ ਤੇ ਜ਼ਮੀਨ ਤੋਂ 30-45 ਸੈਂ.ਮੀ. (12-18 ਇੰਚ) ਉੱਚਾ ਸਟੋਰ ਕਰੋ।

**3. ਇਮਾਰਤਾਂ ਦੀ ਸੁਰੱਖਿਆ ਲਈ:**

- ਕਰਾਲ ਸਪੇਸਜ਼ (crawl spaces), ਤਾਜ਼ੀ ਹਵਾ ਵਾਲੇ ਝਰੋਖੇ ਅਤੇ ਘਰ ਦੀ ਛੱਤ ਵਿੱਚ ਬਣੀਆਂ ਜਗ੍ਹਾਂ ਨੂੰ 6.35 ਮਿ.ਮੀ. (1/4 ਇੰਚ) ਧਾਤ ਦੀ ਜਾਲੀ ਜਾਂ ਲੋਹੇ ਦੀ ਮੈੱਸ਼ ਨਾਲ ਬੰਦ ਕਰੋ।
- ਨੀਹਾਂ ਅਤੇ ਹੋਰ ਜਗ੍ਹਾਂ ਤੇ ਸੀਮੈਂਟ ਵਿੱਚ ਪਈਆਂ ਤਰੇੜਾਂ ਦੀ ਮੁਰੰਮਤ ਕਰੋ।
- ਸ਼ੈੱਡ ਹਮੇਸ਼ਾਂ ਸੀਮੈਂਟ ਦੀਆਂ ਸਲੈਬਜ਼ ਤੇ ਬਣਾਉ।
- ਕੰਪੋਸਟ ਦੇ ਅੰਦਰ 6.35 ਮਿ.ਮੀ. (1/4 ਇੰਚ) ਹਾਰਡਵੇਅਰ ਕਪੜਾ (hardware cloth) ਵਿਛਾਉ।

## ਕੀ ਜ਼ਹਿਰ ਵਰਤਿਆ ਜਾ ਸਕਦਾ ਹੈ?

ਚੂਹਿਆਂ ਨੂੰ ਕੰਟ੍ਰੋਲ ਕਰਨ ਲਈ ਜ਼ਹਿਰ ਵਰਤਨਾ ਕੋਈ ਚੰਗਾ ਤਰੀਕਾ ਨਹੀਂ। ਚੂਹੇ ਜ਼ਹਿਰ ਖਾ ਕੇ ਕਿਸੇ ਜਗ੍ਹਾ ਵੀ ਜਾ ਕੇ ਮਰ ਸਕਦੇ ਹਨ, ਅਤੇ ਉਨ੍ਹਾਂ ਦਾ ਪਤਾ ਲਗਾਉਣਾ ਔਖਾ ਹੋ ਜਾਂਦਾ ਹੈ ਅਤੇ ਮਰਿਆ ਹੋਇਆ ਚੂਹਾ ਬਿਮਾਰੀਆਂ ਦਾ ਘਰ ਬਣ ਜਾਂਦਾ ਹੈ। ਜ਼ਹਿਰ ਅਚਾਨਕ ਪਾਲਤੂ ਪਸ਼ੂ ਪੰਛੀਆਂ, ਜੰਗਲੀ ਜਾਨਵਰਾਂ ਜਾਂ ਬੱਚਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਅਲਟ੍ਰਾਸਾਊਂਡ ਯੰਤਰ ਸ਼ੁਰੂ ਵਿੱਚ ਅਸਰਦਾਰ ਹੁੰਦੇ ਹਨ ਪਰ ਮਹਿੰਗੇ ਹਨ ਅਤੇ ਲੰਮੇ ਸਮੇਂ ਲਈ ਚੂਹਿਆਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਨਹੀਂ।
ਚੂਹਿਆਂ ਨੂੰ ਰੋਕਣ ਵਾਲੇ ਤਰੀਕਿਆਂ ਦੀ ਕੋਸ਼ਿਸ਼ ਕਰ ਕੇ, ਜੇ ਇਹ ਸਮੱਸਿਆ ਫ਼ਿਰ ਵੀ ਰਹਿੰਦੀ ਹੈ ਅਤੇ ਤੁਸੀਂ ਚੂਹਿਆਂ ਦਾ ਜ਼ਹਿਰ ਇਸਤੇਮਾਲ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੀਆਂ ਕੁਝ ਗੱਲਾਂ ਵਲ ਤੁਹਾਨੂੰ ਧਿਆਨ ਦੇਣਾ ਚਾਹੀਦਾ ਹੈ:

- ਜ਼ਹਿਰ ਦੇਣ ਤੋਂ ਕੁਝ ਦਿਨ ਪਹਿਲਾਂ ਜ਼ਹਿਰ ਤੋਂ ਬਿਨਾਂ ਖਾਣਾ ਕਿਸੇ ਜਗ੍ਹਾ ਰੱਖੋ ਤਾਂ ਕਿ ਚੂਹੇ ਉੱਥੇ ਉਸ ਨੂੰ ਖਾਣਾ ਸ਼ੁਰੂ ਕਰ ਦੇਣ।
- ਲੇਬਲ ਤੇ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਤੇ ਅਮਲ ਕਰੋ।
- ਜ਼ਹਿਰ ਵਾਲਾ ਖਾਣਾ ਉਸ ਜਗ੍ਹਾ ਰੱਖੋ ਜਿੱਥੇ ਬੱਚੇ ਜਾਂ ਪਾਲਤੂ ਜਾਨਵਰ/ਪੰਛੀ ਨਾ ਪਹੁੰਚ ਸਕਦੇ ਹੋਣ।
- ਜੇ ਕਰ ਬੱਚੇ ਜਾਂ ਪਾਲਤੂ ਜਾਨਵਰ/ਪੰਛੀ ਘਰ ਵਿੱਚ ਹਨ ਤਾਂ ਜ਼ਹਿਰ ਵਾਲਾ ਖਾਣਾ ਸੁਰੱਖਿਅਤ ਅਤੇ ਤਾਲੇ ਵਾਲੀ ਜਗ੍ਹਾ ਵਿੱਚ ਰੱਖੋ।
- ਜ਼ਹਿਰ ਵਾਲਾ ਖਾਣਾ ਡੂੰਘੀਆਂ ਖੱਡਾਂ, ਸੁਰੰਗਾਂ ਜਾਂ ਖੁਡਾਂ ਵਿੱਚ ਰੱਖੋ।
- ਇਸਤੋਂ ਪਹਿਲਾਂ ਕਿ ਜ਼ਹਿਰ ਦੀ ਗੰਧ ਫੈਲ ਜਾਏ ਜ਼ਹਿਰ ਵਾਲੇ ਖਾਣੇ ਨੂੰ ਬਦਲਦੇ ਰਹੋ ।
- ਜਦੋਂ ਚੂਹਿਆਂ ਨੂੰ ਕਾਬੂ ਕਰਨ ਦਾ ਕੰਮ ਖ਼ਤਮ ਹੋ ਜਾਏ ਤਾਂ ਮਰੇ ਹੋਏ ਚੂਹੇ ਅਤੇ ਜ਼ਹਿਰ ਵਾਲਾ ਸਾਰਾ ਖਾਣਾ ਹਟਾ ਲਵੋ।

ਜੇ ਤੁਹਾਡੇ ਕੋਲੋਂ ਚੂਹੇ ਨਹੀਂ ਹਟਾਏ ਜਾਂਦੇ ਤਾਂ ਕਿਸੇ ਲਾਇਸੈਂਸ ਸ਼ੁਦਾ ਕੰਪਨੀ ਨੂੰ ਸੰਪਰਕ ਕਰੋ ਜਿਸ ਕੋਲ ਸਿਖਲਾਈ ਪਰਾਪਤ ਸਟਾਫ਼ ਤੁਹਾਡੀ ਮਦਦ ਕਰਨ ਲਈ ਉਪਲਬਧ ਹੋਵੇ।

## ਹੋਰ ਜ਼ਿਆਦਾ ਜਾਣਕਾਰੀ ਲਈ

ਹੋਰ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ BC Ministry of Environment (ਬੀ.ਸੀ. ਦੀ ਵਾਤਾਵਰਨ ਮਨਿਸਟਰੀ) ਦੀ ਵੈੱਬਸਾਈਟ www.gov.bc.ca/env/ ਦੇਖੋ ਜਾਂ ਲੋਕਲ ਵਾਤਾਵਰਨ ਹੈੱਲਥ ਅਫ਼ਸਰ ਨੂੰ ਸੰਪਰਕ ਕਰੋ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।